UK Health Security Agency

# तपेदिक (टी॰बी॰) बारे

## टी॰बी॰ इक संक्रामक बीमारी ऐ, जो आमतौर 'ते फेफड़्यां नूं प्रभावित करदी ऐ। ए बैक्टीरिया कारण हुंदी ऐ। ए गम्भीर हो सकदी ऐ, पर एंटीबायोटिक्स नाल इस दा इलाज संभव ऐ।

### टी॰बी॰ दा संक्रमण किवें फैलदा ऐ

जद कोई बंदा, जिसनूं टी॰बी॰ दे लक्षण ने, खुंखारदा जा छींकदा ऐ, तां ओ हवा विच बैक्टीरिया दे छोटे-छोटे कतरे छड्डदा ऐ। टी॰बी॰ लगणा आसान नहीं ऐ। तुहानू उस संक्रमित बंदे दे नेड़े अते लगातार संपर्क विच रहणा पैंदा ऐ अते ओ संक्रमित हवा अंदर खींचणी पैंदी ऐ। टी॰बी॰ दे दो प्रकार ने — सक्रिय अते सुप्त।

### सक्रिय टी॰बी॰

इस दा मतलब ऐ कि बैक्टीरिया तुहाडे शरीर विच सक्रिय ने। तुसीं:

- लक्षण महसूस करदे ओ
- इंफेक्शन होर लोकां नूं दे सकदे ओ
- बीमार महसूस करदे ओ

### सक्रिय तपेदिक दे लक्षण

जे तुहानू हेठ लिखे लक्षण होण, तां अपने जी॰पी॰ नाल गल्ल करो:

- खुंखार जो ठीक नहीं हो रया
- खुंखारदे नाल बलगम (कफ) अते खून आवे
- बुखार जा रात नूं पसीने आवण
- भूख ना लगणी जा वजन घटणा
- बहुत ज़्यादा थकावट महसूस होण

### सुप्त तपेदिक

इस दा मतलब ऐ कि बैक्टीरिया तुहाडे शरीर विच सक्रिय नहीं ने। तुसीं:

- किसे तरह दे लक्षण नहीं रखदे ओ
- इंफेक्शन होर लोकां नूं नहीं दे सकदे ओ

## तपेदिक दा इलाज किया जा सकदा ऐ

यदि तुहानू तपेदिक हो जावे, तां तुहानू यूनाइटेड किंगडम विच निशुल्क जांच अते उपचार दिता जावेगा।

## टी॰बी॰ लई टेस्ट

तुसीं टेस्ट करवाओ सकदे ओ भले ही तुहानू किसे तरह दे लक्षण ना होण। डॉक्टर इक जा कई टेस्टां दा इस्तेमाल कर सकदा ऐ, तां जो पता लग सके कि तुहानू टी॰बी॰ ऐ जा नहीं। ए टेस्ट शामिल ने:

- छाती दा एक्स-रे
- त्वचा दा टेस्ट (स्किन टेस्ट)
- खून दा टेस्ट
- बलगम (कफ) दा सैंपल

## कौन टी॰बी॰ लै सकदा ऐ

किसे नूं वी टी॰बी॰ हो सकदी ऐ, पर तुहानूं ए होण दा वध ख़तरा हो सकदा ऐ जे तुसीं:

- किसे सक्रिय टी॰बी॰ वाले बंदे दे नाल ज़्यादा समां बिताया होवे
- उस देश विच रहे हो, जित्थे टी॰बी॰ आम ऐ
- तुहाडी रोग-प्रतिरोधक शक्ति (इम्यून सिस्टम) कमजोर होवे
- तुसीं भीड़-भाड़ जा अस्वच्छ हालात विच रहने ओ
- तुसीं नियमित तौर 'ते सिगरेट पींदे ओ, शराब पींदे ओ जा नशा करदे ओ
- तुहानू पहलां वी टी॰बी॰ होई सी अते ओ सही तरीके नाल इलाज नहीं होया सी

## टी॰बी॰ लई टीका

टी॰बी॰ लई इक टीका हुंदा ऐ, जिसनूं बी॰सी॰जी॰ (BCG) कहा जान्दा ऐ। बी॰सी॰जी॰ टीका एन॰एच॰एस॰ दी नियमित टीकाकरण सूची दा हिस्सा नहीं ऐ, क्यूंकि ए सिर्फ़ ओह लोकां लई सिफ़ारिश कीता जान्दा ऐ, जिन्हां नू टी॰बी॰ दा वध ख़तरा होवे। टीके बारे होर जानकारी लई, एन॰एच॰एस॰ दी वेबसाइट nhs.uk/vaccinations/bcg-vaccine-for-tuberculosis-tb/ 'ते जाओ।

## टी॰बी॰ बारे होर जानो

लैटेंट टी॰बी॰ बारे ७ भाषावां विच जानकारी वीडियो देखो @The Truth About TB यूट्यूब चैनल 'ते।

टी॰बी॰ बारे वध जानकारी लई, एन॰एच॰एस॰ दी वेबसाइट 'ते जाओ जा QR कोड स्कैन करो — nhs.uk/conditions/tuberculosis-tb/.

**UK Health Security Agency**
**स्वास्थ्य खतऱ्यां लई तैयारी करना, उन्हां तो बचाव करना अते उन्हां दा सामना करना – जिंदगियां बचाणा अते रोज़ी-रोटी दी रख्या करना।**